

# ਜੰਗਲੀ ਅੱਗ ਦੇ ਧੂੰਏਂ ਵਾਲੀ ਹਵਾ ਦੀ ਸਫ਼ਾਈ ਲਈ ਪੋਰਟੇਬਲ ਏਅਰ ਕਲੀਨਰ

## Portable Air Cleaners for Wildfire Smoke

ਜੰਗਲੀ ਅੱਗ ਦਾ ਧੂੰਆਂ ਪ੍ਰਦੂਸ਼ਣ ਦਾ ਬੜਾ ਜਟਿਲ ਮਿਸ਼ਰਨ ਹੁੰਦਾ ਹੈ ਜਿਸ ਵਿਚਲੇ ਛੋਟੇ ਕਣ ਸਾਹ ਨਾਲ ਅੰਦਰ ਜਾ ਕੇ ਜਲਨ ਅਤੇ ਸੋਜਿਸ਼ ਪੈਦਾ ਕਰਦੇ ਹਨ। ਧੂੰਆਂ ਖਿੜਕੀਆਂ ਦਰਵਾਜ਼ਿਆਂ, ਜਾਂ ਹਵਾ ਅੰਦਰ ਆਉਣ ਦੇ ਰਸਤਿਆਂ ਰਾਹੀਂ ਅੰਦਰ ਆ ਸਕਦਾ ਹੈ।

**ਜ਼ਿਆਦਾਤਰ ਲੋਕ ਆਪਣਾ 90% ਸਮਾਂ ਕਮਰੇ ਵਿਚ ਹੀ ਗੁਜ਼ਾਰਦੇ ਹਨ ਜਿੱਥੇ ਹਵਾ ਸਾਫ਼ ਕਰਨ ਵਾਲੇ ਪੋਰਟੇਬਲ ਏਅਰ ਕਲੀਨਰ ਵਰਤ ਕੇ ਜੰਗਲੀ ਅੱਗ ਦੇ ਧੂੰਏਂ ਦੇ ਅਸਰ ਨੂੰ ਘਟ ਕੀਤਾ ਜਾ ਸਕਦਾ ਹੈ।**

- ਪੋਰਟੇਬਲ ਏਅਰ ਕਲੀਨਰ ਨੂੰ ਕੰਧ ਦੀ ਸਾਕਿਟ ਵਿਚ ਪਲੱਗ ਕਰ ਕੇ ਕਿਸੇ ਵੀ ਕਮਰੇ ਵਿਚ ਵਰਤ ਸਕਦੇ ਹੋ।
- ਪੋਰਟੇਬਲ ਏਅਰ ਕਲੀਨਰ ਦਾ ਟੈੱਸਟ ਜੰਗਲੀ ਅੱਗ ਦੇ ਧੂੰਏਂ ਸਮੇਤ ਕਈ ਕਿਸਮ ਦੇ ਸਰੋਤਾਂ ਦੇ ਪ੍ਰਦੂਸ਼ਣ ਲਈ ਕੀਤਾ ਗਿਆ। ਜ਼ਿਆਦਾ ਤਰ ਅਧਿਐਨਾਂ ਤੋਂ ਇਹ ਪਤਾ ਲੱਗਾ ਹੈ ਕਿ ਪੋਰਟੇਬਲ ਏਅਰ ਕਲੀਨਰ  ਛੋਟੇ ਕਣਾਂ ਦੇ ਪ੍ਰਦੂਸ਼ਨ ਨੂੰ 40-80% ਤੱਕ ਘਟਾ ਦਿੰਦਾ ਹੈ।
- ਪੋਰਟੇਬਲ ਏਅਰ ਕਲੀਨਰ ਦੀ ਵਰਤੋਂ ਦਾ ਫੇਫੜਿਆਂ ਦੇ ਬਿਹਤਰ ਕੰਮ, ਬਲੱਡ ਪ੍ਰੈਸ਼ਰ ਵਿਚ ਕਮੀ, ਅਤੇ ਬੱਚਿਆਂ ਅਤੇ ਬਜ਼ੁਰਗਾਂ1 ਵਿਚ ਘੱਟ ਸੋਜਿਸ਼ ਤੇ ਅਸਰ ਹੈ।[1]

**ਜ਼ਿਆਦਾਤਰ ਹਵਾ ਸਾਫ਼ ਕਰਨ ਵਾਲੇ ਪੋਰਟੇਬਲ ਏਅਰ ਕਲੀਨਰ ਜੰਗਲੀ ਅੱਗ ਦੇ ਧੂੰਏਂ ਵਿਚੋਂ ਛੋਟੇ ਕਣ ਸਾਫ਼ ਕਰਨ ਲਈ ਉੱਚ ਸਮਰੱਥਾ ਵਾਲੇ HEPA ਫ਼ਿਲਟਰਾਂ ਦੀ ਵਰਤੋਂ ਕਰਦੇ ਹਨ।**

- ਕੁਝ ਕੰਪਨੀਆਂ ਹਵਾ ਵਿਚੋਂ ਛੋਟੇ ਕਣਾਂ ਨੂੰ ਸਾਫ਼ ਕਰਨ ਲਈ ਇਲੈਕਟਰੋਸਟੈਟਿਕ ਪ੍ਰੈਸੀਪੀਰੇਟਰਾਂ ਦੀ ਵਰਤੋਂ ਕਰ ਰਹੀਆਂ ਹਨ। ਇਸ ਪ੍ਰਕਿਰਿਆ ਵਿਚ ਓਜ਼ੋਨ ਗੈਸ ਬਣਦੀ ਹੈ ਜਿਸ ਕਾਰਨ ਫੇਫੜਿਆਂ ਵਿਚ ਜਲਨ ਪੈਦਾ ਹੋ ਸਕਦੀ ਹੈ। ਜਿਨ੍ਹਾਂ ਲੋਕਾਂ ਨੂੰ ਸਾਹ ਦੀ ਬਿਮਾਰੀ ਹੈ ਉਨ੍ਹਾਂ ਨੂੰ HEPA ਫ਼ਿਲਟਰ ਵਾਲੇ ਯੰਤਰ ਹੀ ਲੈਣੇ ਚਾਹੀਦੇ ਹਨ।
- ਦੋਵੇਂ HEPA ਅਤੇ ਇਲੈਕਟਰੋਸਟੈਟਿਕ ਪ੍ਰੈਸੀਪੀਰੇਟਰ ਹਵਾ ਵਿਚੋਂ ਛੋਟੇ ਕਣਾਂ ਨੂੰ ਹੀ ਕੱਢਦੇ ਹਨ ਗੈਸਾਂ ਨੂੰ ਨਹੀਂ ਕੱਢਦੇ। ਪਰ ਕੁੱਝ ਯੂਨਿਟਾਂ ਵਿਚ ਐਕਟੀਵੇਟਿਡ ਕਾਰਬਨ ਫ਼ਿਲਟਰ ਹੁੰਦੇ ਜੋ ਜੰਗਲੀ ਅੱਗ ਦੇ ਧੂੰਏਂ ਵਿਚੋਂ ਗੈਸਾਂ ਦੇ ਪ੍ਰਦੂਸ਼ਣ ਨੂੰ ਵੀ ਘਟ ਕਰਦੇ ਹਨ।
- ਓਜ਼ੋਨ ਜੈਨਰੇਟਰ ਅਤੇ ਨੈਗੇਟਿਵ ਆਇਓਨਾਈਜ਼ਰ ਹਵਾ ਵਿਚੋਂ ਧੂੰਏਂ ਦੇ ਕਣਾਂ ਨੂੰ ਅਸਰਦਾਰ ਤਰੀਕੇ ਨਾਲ ਨਹੀਂ ਹਟਾ ਸਕਦੇ।

[1] Barn PK, Elliott CT, Allen RW, Kosatsky T, Rideout K, Henderson SB (2016). ਅੱਗ ਦੇ ਧੂੰਏਂ ਤੋਂ ਬਚਾ ਲਈ ਪੋਰਟੇਬਲ ਏਅਰ ਕਲੀਨਰ ਪਬਲਿਕ ਹੈਲਥ ਦੀ ਸਬ ਤੋਂ ਪਹਿਲੀ ਪ੍ਰਕਿਰਿਆ ਹੋਣੀ ਚਾਹੀਦੀ ਹੈ। Environmental Health. 15(1):116.



**ਜਿਨ੍ਹਾਂ ਲੋਕਾਂ ਨੂੰ ਹਵਾ ਸਾਫ਼ ਕਰਨ ਵਾਲੇ ਪੋਰਟੇਬਲ ਯੰਤਰਾਂ ਦਾ ਸਭ ਤੋਂ ਜ਼ਿਆਦਾ ਫ਼ਾਇਦਾ ਹੈ ਉਨ੍ਹਾਂ ਵਿਚ ਦਮਾਂ, ਸਾਹ ਨਲੀ ਵਿਚ ਰੁਕਾਵਟ (COPD) ਅਤੇ ਦਿਲ ਦੀ ਬਿਮਾਰੀ ਵਾਲੇ ਵਿਅਕਤੀ, ਗਰਭਵਤੀ ਔਰਤਾਂ, ਨਿਆਣੇ, ਛੋਟੇ ਬੱਚੇ ਅਤੇ ਬਜ਼ੁਰਗ ਸ਼ਾਮਲ ਹਨ।**

BC Centre for Disease Control
Provincial Health Services Authority

FOR MORE INFORMATION bccdc.ca/wildfiresmoke

**ਬਜ਼ਾਰ ਵਿਚ ਕਈ ਕਿਸਮ ਦੇ ਹਵਾ ਸਾਫ਼ ਕਰਨ ਵਾਲੇ ਪੋਰਟੇਬਲ ਯੰਤਰ ਉਪਲਬਧ ਹਨ ਇਸ ਲਈ ਇਹ ਬੜਾ ਜ਼ਰੂਰੀ ਹੈ ਕਿ ਖ਼ਰੀਦਣ ਤੋਂ ਪਹਿਲਾਂ ਖੋਜ ਕਰ ਲਈ ਜਾਏ।**




- ਐਸੋਸੀਏਸ਼ਨ ਆਫ਼ ਹੋਮ ਐਪਲਾਇੰਸਿਜ਼ ਮੈਨੂਫ਼ੈਕਚਰਰਜ਼ (AHAM), ਵੱਲੋਂ ਪ੍ਰਮਾਣਿਤ ਯੰਤਰ ਹੀ ਖ਼ਰੀਦੇ ਜਾਣੇ ਚਾਹੀਦੇ ਹਨ ਜਿਸ ਤੇ ਇੱਥੇ ਵਿਖਾਏ ਹੋਏ ਲੇਬਲ ਜਿਹਾ ਲੇਬਲ ਲੱਗਾ ਹੋਵੇ।
- AHAM ਦਾ ਲੇਬਲ ਸਪਸ਼ਟ ਤੌਰ ਤੇ ਦੱਸਦਾ ਹੈ ਕਿ ਇਹ ਯੂਨਿਟ ਕਿੰਨੇ ਵਰਗ ਫ਼ੁੱਟ ਜਗ੍ਹਾ ਸਾਫ਼ ਕਰ ਸਕਦੀ ਹੈ। ਇਹ ਸੁਨਿਸ਼ਚਿਤ ਕਰੋ ਕਿ ਯੂਨਿਟ ਤੁਹਾਡੀ ਲੋੜ ਮੁਤਾਬਿਕ ਹੈ ਅਤੇ ਉਸ ਨੂੰ ਉੱਥੇ ਵਰਤੋ ਜਿੱਥੇ ਲੋਕ ਜ਼ਿਆਦਾ ਦੇਰ ਲਈ ਬੈਠਦੇ ਹਨ।
- AHAM ਦਾ ਲੇਬਲ ਇਹ ਵੀ ਦੱਸਦਾ ਹੈ ਕਿ ਤਮਾਕੂ ਦਾ ਧੂੰਆਂ, ਧੂੜ, ਫੁੱਲਾਂ ਦੇ ਪਰਾਗ ਨੂੰ ਹਵਾ ਵਿਚੋਂ ਕੱਢ ਕੇ ਸਾਫ਼ ਹਵਾ ਉਪਲਬਧ ਕਰਵਾਉਣ ਦੀ ਕੀ ਦਰ (CADR) ਹੋਵੇਗੀ। ਤਮਾਕੂ ਦਾ ਧੂੰਆਂ ਜੰਗਲ ਦੀ ਅੱਗ ਦੇ ਧੂੰਏਂ ਵਾਂਗ ਹੀ ਖ਼ਤਰਨਾਕ ਹੁੰਦਾ ਹੈ।
- ਕੈਲੇਫੋਰਨੀਆ ਸੂਬੇ ਵਿਚ ਵਿਕਣ ਵਾਲੇ ਪੋਰਟੇਬਲ ਏਅਰ ਕਲੀਨਰਾਂ ਦਾ ਮਿਆਰ ਹੋਰ ਜਗ੍ਹਾ ਵਿਕਣ ਵਾਲੇ ਯੰਤਰਾਂ ਨਾਲੋਂ ਉੱਚਾ ਹੁੰਦਾ ਹੈ। ਕੈਲੇਫੋਰਨੀਆ ਏਅਰ ਰਿਸੋਰਸਿਜ਼ ਬੋਰਡ ਵੱਲੋਂ ਪ੍ਰਮਾਣਿਤ https://u.nu/0bor ਕੀਤੀਆਂ ਯੂਨਿਟਾਂ ਦਾ ਓਜ਼ੋਨ ਦੀ ਨਿਕਾਸੀ ਲਈ ਵੀ ਟੈੱਸਟ ਕੀਤਾ ਜਾਂਦਾ ਹੈ ਅਤੇ ਕੁੱਝ ਯੂਨਿਟਾਂ ਕੈਨੇਡਾ ਵਿਚ ਵੀ ਮਿਲ ਸਕਦੀਆਂ ਹਨ।
- ਹੋਰ ਉਪਕਰਨਾਂ ਵਾਂਗ ਹਵਾ ਸਾਫ਼ ਕਰਨ ਵਾਲੇ ਪੋਰਟੇਬਲ ਕਲੀਨਰਾਂ ਦੀ ਵੀ ਦੇਖਭਾਲ ਕਰਨੀ ਚਾਹੀਦੀ ਹੈ ਤਾਂ ਕਿ ਠੀਕ ਤਰ੍ਹਾਂ ਕੰਮ ਕਰਦੇ ਰਹਿਣ। ਐਸੀ ਯੂਨਿਟ ਲਵੋ ਜਿਸ ਤੇ ਸਪਸ਼ਟ ਲਿਖਿਆ ਹੋਵੇ ਕਿ ਫ਼ਿਲਟਰ ਜਾਂ ਪ੍ਰੈਸੀਪੀਰੇਟਰ ਪਲੇਟਾਂ ਨੂੰ ਕਦੋਂ ਬਦਲਣਾ ਹੈ।
- ਇਨ੍ਹਾਂ ਕਲੀਨਰਾਂ ਦੀ ਕੀਮਤ $100 ਤੋਂ ਘਟ ਤੋਂ ਲੈ ਕੇ $1000 ਤੋਂ ਵੱਧ ਹੋ ਸਕਦੀ ਹੈ। ਆਨਲਾਈਨ ਸਮੀਖਿਆਵਾਂ ਇਨ੍ਹਾਂ ਯੂਨਿਟਾਂ ਦੇ ਪ੍ਰਭਾਵਸ਼ਾਲੀ ਪ੍ਰਭਾਵ, ਭਰੋਸੇਯੋਗਤਾ ਅਤੇ ਸ਼ੋਰ ਦੇ ਪੱਧਰ ਬਾਰੇ ਉਪਯੋਗੀ ਜਾਣਕਾਰੀ ਦੇ ਸਕਦੇ ਹਨ।

**ਹਵਾ ਸਾਫ਼ ਕਰਨ ਵਾਲੇ ਪੋਰਟੇਬਲ ਯੰਤਰ ਵਧੀਆ ਕੰਮ ਕਰਦੇ ਹਨ ਜੇ ਦਰਵਾਜ਼ੇ ਅਤੇ ਖਿੜਕੀਆਂ ਬੰਦ ਕਰ ਕੇ ਲਗਾਤਾਰ ਚਲਾਏ ਜਾਣ।**



- ਜੇ ਕਰ ਘਰ ਵਿਚ ਸੈਂਟਰਲ ਏਅਰ ਕੰਡੀਸ਼ਨਿੰਗ ਨਹੀਂ ਤਾਂ ਪੋਰਟੇਬਲ ਏਅਰ ਕਲੀਨਰ ਨੂੰ ਕਮਰਿਆਂ ਵਿਚ ਖਿੜਕੀ ਜਾਂ ਮੋਬਾਈਲ ਏਅਰ ਕੰਡੀਸ਼ਨਰ ਵਾਂਗ ਵਰਤੋ ।
- ਜੇ ਕਰ ਘਰ ਵਿਚ ਏਅਰ ਕੰਡੀਸ਼ਨਿੰਗ ਨਹੀਂ ਤਾਂ ਗਰਮੀਆਂ ਦੇ ਦਿਨਾਂ ਵਿਚ ਖਿੜਕੀਆਂ ਅਤੇ ਦਰਵਾਜ਼ੇ ਬੰਦ ਰੱਖਣੇ ਖ਼ਤਰਨਾਕ ਹੋ ਸਕਦੇ ਹਨ। ਆਪਣੇ ਸਰੀਰਕ ਤਾਪਮਾਨ ਦਾ ਧਿਆਨ ਰੱਖੋ ਅਤੇ ਆਪਣੀ ਆਮ ਸਮਝ ਦੀ ਵਰਤੋਂ ਕਰੋ। ਜ਼ਿਆਦਾਤਰ ਲੋਕਾਂ ਲਈ ਗਰਮੀ ਦਾ ਤਣਾਅ ਧੂੰਏਂ ਵਾਲੀ ਹਵਾ ਨਾਲੋਂ ਸਿਹਤ ਲਈ ਜ਼ਿਆਦਾ ਜ਼ਿਆਦਾ ਖ਼ਤਰਨਾਕ ਹੋ ਸਕਦਾ ਹੈ।


LAST UPDATED: MAY 2021 - PUNJABI